
Cover Page

INTERNATIONAL JOURNAL OF MULTIDISCIPLINARY EDUCATIONAL RESEARCH
ISSN:2277-7881(Print); IMPACT FACTOR :10.16(2026); IC VALUE:5.16; ISI VALUE:2.286
Peer-Peer Reviewed, Refereed & Open Access International Journal - As per UGC Norms
(Fulfilled Suggests Parameters of UGC by IJMER)
Volume:15, Issue:10(1), October 2026
Scopus Review ID: A2B96D3ACF3FEA2A
Article Received: Reviewed: Accepted
Publisher: Sucharitha Publication, India
Online Copy of Article Publication Available: www.ijmer.in

ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਜੀਵਨ, ਸ਼ਹਾਦਤ ਤੇ ਫ਼ਲਸਫ਼ਾ

ਡਾ. ਗੁਰਵੰਤ ਸਿੰਘ
(ਅਸਿਸਟੈਂਟ ਪ੍ਰੋਫੈਸਰ), ਪੰਜਾਬੀ ਵਿਭਾਗ, ਐੱਸ. ਐੱਲ. ਬਾਵਾ ਡੀ.ਏ.ਵੀ. ਕਾਲਜ, ਬਟਾਲਾ ।

ਸ੍ਰੀ ਗੁਰੂ ਤੇਗ ਬਹਾਦਰ ਜੀ ਭਾਰਤੀ ਇਤਿਹਾਸ ਅਤੇ ਅਧਿਆਤਮਿਕ ਪਰੰਪਰਾ ਵਿਚ ਧਰਮ, ਸੱਚ, ਨਿਰਭੈਤਾ ਅਤੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਦੇ ਮਹਾਨ ਪ੍ਰਤੀਕ ਹਨ। ਗੁਰੂ ਜੀ ਦਾ ਜੀਵਨ ਕੇਵਲ ਨਿੱਜੀ ਭਗਤੀ ਤੱਕ ਸੀਮਤ ਨਹੀਂ ਸੀ, ਸਗੋਂ ਉਨ੍ਹਾਂ ਨੇ ਇਹ ਸਿੱਧ ਕੀਤਾ ਕਿ ਅਸਲ ਧਰਮ ਦੂਜਿਆਂ ਦੇ ਧਾਰਮਿਕ ਵਿਸ਼ਵਾਸਾਂ ਅਤੇ ਅਜ਼ਾਦੀ ਦੀ ਰੱਖਿਆ ਲਈ ਆਪਾ ਵਾਰਨਾ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਵਿਸ਼ਵ ਦੇ ਇਤਿਹਾਸ ਵਿਚ ਅਨੋਖੀ ਸ਼ਹਾਦਤ ਹੈ ਕਿਉਂਕਿ ਉਨ੍ਹਾਂ ਨੇ ਆਪਣੇ ਧਰਮ ਲਈ ਨਹੀਂ, ਸਗੋਂ ਦੂਜੇ ਧਰਮ ਦੇ ਲੋਕਾਂ ਦੇ ਮਾਨਵ ਅਧਿਕਾਰਾਂ ਅਤੇ ਧਾਰਮਿਕ ਆਜ਼ਾਦੀ ਦੀ ਰੱਖਿਆ ਲਈ ਆਪਣਾ ਬਲੀਦਾਨ ਦਿੱਤਾ। ਇਸੇ ਕਰਕੇ ਆਪ ਜੀ ਨੂੰ **"ਹਿੰਦ ਦੀ ਚਾਦਰ"** ਵਜੋਂ ਯਾਦ ਕੀਤਾ ਜਾਂਦਾ ਹੈ।

ਗੁਰੂ ਜੀ ਦਾ ਜਨਮ 'ਗੁਰਬਿਲਾਸ ਪਾਤਸ਼ਾਹੀ ਛੇਵੀਂ' ਅਨੁਸਾਰ ਵਿਸਾਖ ਵਦੀ 5, ਸੰਮਤ 1678 ਬਿਕ੍ਰਮੀ, (1 ਅਪ੍ਰੈਲ, 1621 ਈ.)[1] ਨੂੰ ਗੁਰੂ ਕੇ ਮਹਿਲ, ਅੰਮ੍ਰਿਤਸਰ ਵਿਖੇ ਹੋਇਆ। ਆਪ ਜੀ ਦੇ ਪਿਤਾ ਛੇਵੇਂ ਗੁਰੂ, ਗੁਰੂ ਹਰਗੋਬਿੰਦ ਸਾਹਿਬ ਜੀ (ਮੀਰੀ-ਪੀਰੀ ਦੇ ਮਾਲਕ) ਅਤੇ ਮਾਤਾ ਜੀ ਮਾਤਾ ਨਾਨਕੀ ਜੀ ਸਨ। ਬਚਪਨ ਦਾ ਨਾਂ 'ਤਿਆਗ ਮੱਲ' ਸੀ। ਆਪ ਜੀ ਦਾ ਬਚਪਨ ਅੰਮ੍ਰਿਤਸਰ, ਕਰਤਾਰਪੁਰ ਅਤੇ ਬਾਬਾ ਬਕਾਲਾ ਵਿਖੇ ਬੀਤਿਆ। ਬਚਪਨ ਵਿਚ ਹੀ ਆਪ ਜੀ ਨੇ ਤਲਵਾਰਬਾਜ਼ੀ, ਘੋੜਸਵਾਰੀ, ਸੰਗੀਤ, ਗੁਰਬਾਣੀ ਅਤੇ ਧਾਰਮਿਕ ਅਧਿਐਨ ਵਿਚ ਨਿਪੁੰਨਤਾ ਹਾਸਲ ਕੀਤੀ। 14 ਸਾਲ ਦੀ ਉਮਰ ਵਿਚ ਕਰਤਾਰਪੁਰ ਦੀ ਜੰਗ ਵਿਚ ਅਨੂਠੀ ਸੂਰਵੀਰਤਾ ਦਿਖਾਉਣ 'ਤੇ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਆਪ ਜੀ ਦਾ ਨਾਂ 'ਤੇਗ ਬਹਾਦਰ' (ਤਲਵਾਰ ਦਾ ਬਹਾਦਰ) ਰੱਖਿਆ। ਆਪ ਜੀ ਨੇ ਜੀਵਨ ਵਿਚ ਸਾਦਗੀ, ਚਿੰਤਨ ਅਤੇ ਤਿਆਗ ਨੂੰ ਮੁੱਖ ਰੱਖਿਆ। ਆਪ ਜੀ ਦਾ ਜੀਵਨ ਇਹ ਸੰਦੇਸ਼ ਦਿੰਦਾ ਹੈ ਕਿ ਧਰਮ ਸਿਰਫ਼ ਆਪਣੇ ਲਈ ਨਹੀਂ, ਸਗੋਂ ਦੂਜਿਆਂ ਦੀ ਅਜ਼ਾਦੀ ਦੀ ਰੱਖਿਆ ਲਈ ਵੀ ਹੈ।

ਆਪ ਜੀ ਨੇ ਨਾਮ ਸਿਮਰਨ ਅਤੇ ਗੁਰਬਾਣੀ ਮੰਥਨ ਰਾਹੀਂ ਆਤਮਿਕ ਸ਼ਾਂਤੀ, ਸਹਿਣਸ਼ੀਲਤਾ ਅਤੇ ਤਿਆਗ ਦਾ ਮਾਰਗ ਦਿਖਾਇਆ। ਆਪ ਜੀ ਦੀ ਬਾਣੀ ਮਨੁੱਖ ਨੂੰ ਡਰ ਅਤੇ ਲੋਭ ਤੋਂ ਮੁਕਤ ਹੋਣ ਦਾ ਉਪਦੇਸ਼ ਦਿੰਦੀ ਹੈ:

"ਭੈ ਕਾਹੂ ਕਉ ਦੇਤ ਨਹਿ,

ਨਹਿ ਭੈ ਮਾਨਤ ਆਨ।"[2]

ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਜੋਤੀ ਜੋਤਿ ਸਮਾਉਣ ਤੋਂ ਬਾਅਦ, ਮੱਖਣ ਸ਼ਾਹ ਲੁਬਾਣਾ ਜੀ ਨੇ ਆਪ ਜੀ ਨੂੰ ਬਾਬਾ ਬਕਾਲਾ ਵਿਖੇ ਲੱਭਿਆ। ਇਸ ਉਪਰੰਤ 1664 ਈ. ਵਿਚ ਆਪ ਜੀ ਗੁਰਗੱਦੀ 'ਤੇ ਬਿਰਾਜਮਾਨ ਹੋਏ। ਨਿਰਭੈਤਾ ਅਤੇ ਮਨੁੱਖਤਾ ਦਾ ਸੰਦੇਸ਼ ਫੈਲਾਉਣ ਲਈ ਆਪ ਜੀ ਨੇ ਭਾਰਤ ਦੇ ਵੱਖ-ਵੱਖ ਹਿੱਸਿਆਂ: ਦਿੱਲੀ, ਅਲਾਹਾਬਾਦ, ਪਟਨਾ, ਗੁਹਾਟੀ, ਬੰਗਾਲ, ਅਸਾਮ, ਬਿਹਾਰ, ਉੜੀਸਾ ਅਤੇ ਉੱਤਰ ਪ੍ਰਦੇਸ਼ ਦੀਆਂ ਯਾਤਰਾਵਾਂ ਕੀਤੀਆਂ ।

ਉਸ ਸਮੇਂ ਮੁਗਲ ਸਮਰਾਜ ਦਾ ਸ਼ਾਸਕ ਔਰੰਗਜ਼ੇਬ ਸੀ, ਜੋ ਆਪਣੀ ਧਾਰਮਿਕ ਅਸਹਿਣਸ਼ੀਲਤਾ ਲਈ ਜਾਣਿਆ ਜਾਂਦਾ ਸੀ। "ਮੁਗਲ ਬਾਦਸ਼ਾਹ ਔਰੰਗਜ਼ੇਬ ਇਸ ਸਮੇਂ ਬ੍ਰਾਹਮਣਾਂ ਦੇ ਜਨੇਊ ਲਾਹੁਣ, ਬੋਦੀਆਂ ਕੱਟਣ ਅਤੇ ਉਹਨਾਂ ਤੋਂ ਵੱਧ ਤੋਂ ਵੱਧ ਸਖ਼ਤਾਈ ਕਰਨ ਵਾਲੀ ਨੀਤੀ ਦਿਨੋਂ ਦਿਨ ਤੇਜ਼ ਕਰ ਰਿਹਾ ਸੀ। ਜ਼ੁਲਮ ਦਾ ਅੰਧਕਾਰ ਹੋਰ ਜ਼ਿਆਦਾ ਤੀਬਰ ਹੁੰਦਾ ਜਾ ਰਿਹਾ ਸੀ, ਜਿਸ ਨਾਲ ਇੱਟ ਖੜਕਾ ਲੈਣ ਵਾਲਾ ਕੋਈ ਸਾਹਮਣੇ ਨਹੀਂ ਆ ਰਿਹਾ ਸੀ।"[3] ਉਸ ਨੇ ਪੂਰੇ ਭਾਰਤ ਵਿਚ ਜ਼ਬਰਦਸਤੀ ਇਸਲਾਮ ਫੈਲਾਉਣ ਦੀ ਕੱਟੜ ਨੀਤੀ ਅਪਣਾਈ ਹੋਈ ਸੀ। 1674-1675 ਈ. ਦੌਰਾਨ ਮੁਗਲ ਸਮਰਾਟ ਔਰੰਗਜ਼ੇਬ ਨੇ ਹਿੰਦੁਸਤਾਨ ਨੂੰ 'ਦਾਰ-ਉਲ-ਇਸਲਾਮ' (ਇਸਲਾਮਿਕ ਰਾਜ) ਵਿੱਚ ਬਦਲਣ ਲਈ ਕੱਟੜ ਨੀਤੀਆਂ ਅਪਣਾਈਆਂ। ਮੁਗਲ ਬਾਦਸ਼ਾਹ


Cover Page

INTERNATIONAL JOURNAL OF MULTIDISCIPLINARY EDUCATIONAL RESEARCH
ISSN:2277-7881(Print); IMPACT FACTOR :10.16(2026); IC VALUE:5.16; ISI VALUE:2.286
Peer-Peer Reviewed, Refereed & Open Access International Journal - As per UGC Norms
(Fulfilled Suggests Parameters of UGC by IJMER)
Volume:15, Issue:10(1), October 2026
Scopus Review ID: A2B96D3ACF3FEA2A
Article Received: Reviewed: Accepted
Publisher: Sucharitha Publication, India
Online Copy of Article Publication Available: www.ijmer.in

ਔਰੰਗਜ਼ੇਬ ਭਾਰਤ ਨੂੰ ਇੱਕ ਇਸਲਾਮਿਕ ਮੁਲਕ ਬਣਾਉਣਾ ਚਾਹੁੰਦਾ ਸੀ। ਉਸ ਦੇ ਸੂਬੇਦਾਰ (ਜਿਵੇਂ ਇਫ਼ਤਿਖਾਰ ਖਾਨ) ਕਸ਼ਮੀਰ ਵਿੱਚ ਹਿੰਦੂਆਂ, ਖਾਸ ਕਰਕੇ ਕਸ਼ਮੀਰੀ ਪੰਡਿਤਾਂ 'ਤੇ ਜ਼ਬਰਦਸਤੀ ਧਰਮ ਬਦਲਣ ਲਈ ਭਾਰੀ ਅਤਿਆਚਾਰ ਕਰ ਰਹੇ ਸਨ।

ਔਰੰਗਜ਼ੇਬ ਵੱਲੋਂ ਕਸ਼ਮੀਰ ਨੂੰ ਚੁਣਨ ਦੇ ਮੁੱਖ ਕਾਰਨ ਕਸ਼ਮੀਰ ਦੇ ਪੰਡਿਤ ਹਿੰਦੂ ਧਰਮ, ਸ਼ਾਸਤਰਾਂ, ਵੇਦਾਂ (4 ਵੇਦ, 6 ਸ਼ਾਸਤਰ, 18 ਪੁਰਾਣ, 27 ਸਿਮ੍ਰਤੀਆਂ, 52 ਉਪਨਿਸ਼ਦ, 1 ਗਾਇਤ੍ਰੀ ਮੰਤ੍ਰ) ਅਤੇ ਸਨਾਤਨ ਗਿਆਨ ਦੇ ਸਭ ਤੋਂ ਵੱਡੇ ਵਿਦਵਾਨ ਮੰਨੇ ਜਾਂਦੇ ਸਨ। ਔਰੰਗਜ਼ੇਬ ਦਾ ਮੰਨਣਾ ਸੀ ਕਿ ਜੇਕਰ ਗਿਆਨ ਦਾ ਗੜ੍ਹ ਮੰਨੇ ਜਾਂਦੇ ਕਸ਼ਮੀਰੀ ਪੰਡਿਤਾਂ ਦਾ ਧਰਮ ਪਰਿਵਰਤਨ ਕਰਵਾ ਲਿਆ ਜਾਵੇ, ਤਾਂ ਬਾਕੀ ਹਿੰਦੁਸਤਾਨ ਬਿਨਾਂ ਕਿਸੇ ਵਿਰੋਧ ਦੇ ਆਪੇ ਈਨ ਮੰਨ ਲਵੇਗਾ। ਕਸ਼ਮੀਰ ਉਸਨੇ ਇਸ ਲਈ ਚੁਣਿਆ ਕਿਉਂਕਿ ਇੱਕ ਤਾਂ ਕਸ਼ਮੀਰ ਦੇ ਪੰਡਿਤ ਬਹੁਤ ਵਿਦਵਾਨ ਸਨ ਜਦੋਂ ਵਿਦਵਾਨ ਬੰਦਾ ਧਰਮ ਤਬਦੀਲ ਕਰ ਲਏ ਤਾਂ ਆਮ ਲੋਕਾਂ ਦੁਆਰਾ ਧਰਮ ਤਬਦੀਲ ਕਰਾਉਣਾ ਕੋਈ ਔਖਾ ਕੰਮ ਨਹੀਂ ਰਹਿ ਜਾਂਦਾ । ਡਾ. ਫੌਜਾ ਸਿੰਘ ਅਨੁਸਾਰ “ਕਸ਼ਮੀਰ ਤੋਂ ਸ਼ੁਰੂਆਤ ਹੋਣ ਦੇ ਵੀ ਕਈ ਕਾਰਨ ਸਨ। ਪਹਿਲਾ ਇਹ ਕਿ ਕਸ਼ਮੀਰੀ ਪੰਡਤ ਵਿਦਵਾਨ ਸਮਝੇ ਜਾਂਦੇ ਸਨ ਇਸ ਲਈ ਇਹ ਖਿਆਲ ਕੀਤਾ ਗਿਆ ਕਿ ਜੇ ਉਹ ਇਸਲਾਮ ਕਬੂਲ ਕਰ ਲੈਣ ਤਾਂ ਹਿੰਦੁਸਤਾਨ ਦੇ ਵਸਨੀਕ ਛੇਤੀ ਉਹਨਾਂ ਦੇ ਮਗਰ ਲੱਗ ਕੇ ਮੁਸਲਮਾਨ ਬਣ ਜਾਣਗੇ। ਦੂਜਾ ਪਿਸ਼ੌਰ ਅਤੇ ਕਾਬਲ ਦੀ ਮੁਸਲਮਾਨ ਵਸੋਂ ਵਾਲੇ ਦੇਸ਼ ਨੇੜੇ ਸਨ। ਜੇ ਕਸ਼ਮੀਰੀ ਧਰਮ ਬਦਲੀ ਸੰਬੰਧੀ ਕੋਈ ਮੁਕਾਬਲਾ ਕਰਨਗੇ ਤਾਂ ਮੁਸਲਮਾਨ ਜਹਾਜ ਦਾ ਨਾਅਰਾ ਲਾ ਕੇ ਉਹਨਾਂ ਦਾ ਨਾਸ ਕਰ ਦੇਣਗੇ।”[4]

ਫਰਾਂਸੀਸੀ ਯਾਤਰੀ ਫ੍ਰਾਂਸਵਾ ਬਰਨੀਅਰ (François Bernier) ਦਾ ਮੱਤ: ਬਰਨੀਅਰ ਨੇ ਔਰੰਗਜ਼ੇਬ ਦੀ ਚਲਾਕ ਅਤੇ ਛਲ ਪ੍ਰਧਾਨ ਕੂਟਨੀਤੀ ਲਈ *"The Complete Master of the Art of Dissimulation”* [4] ਸ਼ਬਦ ਵਰਤਿਆ ਸੀ।

ਕਸ਼ਮੀਰ ਦੇ ਗਵਰਨਰ ਇਫਤਿਖਾਰ ਖਾਨ ਦੇ ਜ਼ੁਲਮਾਂ ਤੋਂ ਤੰਗ ਆ ਕੇ ਪੰਡਿਤ ਕਿਰਪਾ ਰਾਮ ਦੀ ਅਗਵਾਈ ਹੇਠ 16 ਕਸ਼ਮੀਰੀ ਪੰਡਿਤਾਂ ਦਾ ਵਫ਼ਦ ਅਨੰਦਪੁਰ ਸਾਹਿਬ ਪੁੱਜਾ। ਅਤਿਆਚਾਰਾਂ ਤੋਂ ਤੰਗ ਆ ਕੇ ਕਸ਼ਮੀਰੀ ਪੰਡਿਤਾਂ ਦਾ ਇੱਕ ਜਥਾ ਪੰਡਿਤ ਕਿਰਪਾ ਰਾਮ ਦੱਤ (ਜੋ ਬਾਅਦ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੇ ਵੇਲੇ ਅੰਮ੍ਰਿਤ ਛਕ ਕੇ ਭਾਈ ਕਿਰਪਾ ਸਿੰਘ ਬਣੇ ਅਤੇ ਚਮਕੌਰ ਦੀ ਜੰਗ ਵਿੱਚ ਸ਼ਹੀਦ ਹੋਏ) ਦੀ ਅਗਵਾਈ ਵਿੱਚ ਸ੍ਰੀ ਅਨੰਦਪੁਰ ਸਾਹਿਬ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਦਰਬਾਰ ਵਿੱਚ ਫਰਿਆਦ ਲੈ ਕੇ ਪਹੁੰਚਿਆ। " ਗੁਰੂ ਜੀ ਨੇ ਉਨ੍ਹਾਂ ਦੀ ਵਿਥਿਆ ਸੁਣ ਕੇ ਫੈਸਲਾ ਕੀਤਾ ਕਿ ਇਸ ਜ਼ੁਲਮ ਨੂੰ ਰੋਕਣ ਲਈ ਕਿਸੇ ਮਹਾਂਪੁਰਖ ਦੀ ਸ਼ਹਾਦਤ ਦੀ ਲੋੜ ਹੈ। ਉਸ ਸਮੇਂ 9 ਸਾਲਾ ਬਾਲ ਗੋਬਿੰਦ ਰਾਇ (ਗੁਰੂ ਗੋਬਿੰਦ ਸਿੰਘ ਜੀ) ਨੇ ਆਖਿਆ ਕਿ "ਆਪ ਜੀ ਤੋਂ ਵੱਡਾ ਮਹਾਂਪੁਰਖ ਹੋਰ ਕੋਈ ਨਹੀਂ ਹੋ ਸਕਦਾ।" ਗੁਰੂ ਤੇਗ ਬਹਾਦਰ ਜੀ ਆਪਣੇ ਸਿੱਖਾਂ (ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਤੇ ਭਾਈ ਦਿਆਲਾ ਜੀ) ਨਾਲ ਦਿੱਲੀ ਵੱਲ ਰਵਾਨਾ ਹੋਏ। ਔਰੰਗਜ਼ੇਬ ਵੱਲੋਂ ਇਸਲਾਮ ਕਬੂਲਣ ਜਾਂ ਕਰਾਮਾਤ ਦਿਖਾਉਣ ਦਾ ਦਬਾਅ ਪਾਇਆ ਗਿਆ, ਪਰ ਗੁਰੂ ਜੀ ਨੇ ਅਟੱਲ ਰਹਿ ਕੇ ਇਨਕਾਰ ਕਰ ਦਿੱਤਾ।

ਕਸ਼ਮੀਰ ਵਿਚ ਹੋਣ ਵਾਲੇ ਅਤਿਆਚਾਰ ਕਾਰਨ ਕਈ ਹਿੰਦੂ ਮੁਸਲਿਮ ਬਣੇ ਪਰ ਕਿਰਪਾ ਰਾਮ ਦੱਤ ਹੋਰਨਾਂ ਪੰਡਤਾਂ ਨਾਲ ਮਿਲ ਕੇ ਅਮਰਨਾਥ ਮੰਦਰ ਵਿਚ ਗਿਆ ਤਾਂ ਓਥੋਂ ਦੇ ਪੁਜਾਰੀ ਇਹ ਕਹਿਣ ਲੱਗੇ ਕਿ ਕਿਰਪਾ ਰਾਮ ਉਸੇ ਦਰ ‘ਤੇ ਜਾਂ ਜਿਸਦੇ ਕਹਿਣ ‘ਤੇ ਤੇਰੇ ਵਡੇਰੇ ਨੇ ਜਨੇਊ ਲਾਹ ਦਿੱਤਾ ਫਿਰ ਕਿਰਪਾ ਰਾਮ ਦੱਤ ਨਾਨਕ ਦਰ ਭਾਵ ਗੁਰੂ ਤੇਗ ਬਹਾਦਰ ਦੇਵ ਜੀ ਪਾਸ ਗਿਆ । ਭਾਵੇਂ ਗੁਰੂ ਨਾਨਕ ਦੇਵ ਜੀ ਨੇ ਉਨ੍ਹਾਂ ਦੇ ਧਰਮ ਚਿੰਨ ਜ਼ਬਰਦਸਤੀ ਨਹੀ ਉਤਰਵਾਏ । ਉਨ੍ਹਾਂ ਦੇ ਗਿਆਨ ਤੋਂ ਪ੍ਰਭਾਵਿਤ ਹੋ ਕੇ ਬ੍ਰਹਮ ਦੱਤ ਨੇ ਜਨੇਊ ਉਤਾਰਿਆ ਪਰੰਤੂ ਹੁਣ ਗੁਰੂ ਤੇਗ ਬਹਾਦਰ ਸਾਹਿਬ ਦੁਆਰਾ ਜਨੇਊ ਦੀ ਰਾਖੀ ਕਰਨਾ, ਅਤਿਆਚਾਰ ਤੇ ਜਬਰ ਜ਼ੁਲਮ ਖਿਲਾਫ਼ ਆਵਾਜ਼ ਨੂੰ ਬੁਲੰਦ ਕਰਨਾ ਹੀ ਸੀ। ਗੁਰਮਤਿ ਸਿਧਾਂਤ ਅਨੁਸਾਰ ਗੁਰੂ ਸਾਹਿਬ ਖੁਦ ਜਨੇਊ (ਜੰਞੂ) ਜਾਂ ਤਿਲਕ ਵਰਗੇ ਬਾਹਰੀ ਧਾਰਮਿਕ ਚਿੰਨ੍ਹਾਂ 'ਤੇ ਵਿਸ਼ਵਾਸ ਨਹੀਂ ਰੱਖਦੇ ਸਨ (ਜਿਵੇਂ ਕਿ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਨੇਊ ਪਾਉਣ ਤੋਂ ਇਨਕਾਰ ਕਰ ਦਿੱਤਾ ਸੀ)। ਪਰ, ਗੁਰੂ ਤੇਗ ਬਹਾਦਰ ਜੀ ਨੇ ਮਨੁੱਖੀ ਅਧਿਕਾਰਾਂ, ਧਾਰਮਿਕ ਆਜ਼ਾਦੀ ਅਤੇ ਮਜ਼ਲੂਮਾਂ ਦੀ ਰੱਖਿਆ ਲਈ ਆਪਣੀ ਸ਼ਹਾਦਤ ਦੇਣ ਦਾ ਫੈਸਲਾ ਕੀਤਾ। ਉਨ੍ਹਾਂ ਨੇ ਫੁਰਮਾਇਆ ਕਿ ਹਰ ਇਨਸਾਨ ਨੂੰ ਆਪਣੇ ਧਰਮ ਮੁਤਾਬਕ ਜਿਉਣ ਦਾ ਹੱਕ ਹੈ ਅਤੇ ਕਿਸੇ 'ਤੇ ਵੀ ਜ਼ਬਰਦਸਤੀ ਧਰਮ ਨਹੀਂ ਥੋਪਿਆ ਜਾ ਸਕਦਾ। ਗੁਰੂ ਸਾਹਿਬ ਨੇ ਪੰਡਿਤਾਂ ਨੂੰ ਕਿਹਾ ਕਿ ਉਹ ਔਰੰਗਜ਼ੇਬ ਨੂੰ ਜਾ ਕੇ

INTERNATIONAL JOURNAL OF MULTIDISCIPLINARY EDUCATIONAL RESEARCH
ISSN:2277-7881(Print); IMPACT FACTOR :10.16(2026); IC VALUE:5.16; ISI VALUE:2.286
Peer-Peer Reviewed, Refereed & Open Access International Journal - As per UGC Norms
(Fulfilled Suggests Parameters of UGC by IJMER)
Volume:15, Issue:10(1), October 2026
Scopus Review ID: A2B96D3ACF3FEA2A
Article Received: Reviewed: Accepted
Publisher: Sucharitha Publication, India
Online Copy of Article Publication Available: www.ijmer.in

ਕਹਿ ਦੇਣ, "ਜੇਕਰ ਸਾਡੇ ਗੁਰੂ (ਸ੍ਰੀ ਗੁਰੂ ਤੇਗ ਬਹਾਦਰ ਜੀ) ਇਸਲਾਮ ਕਬੂਲ ਕਰ ਲੈਣਗੇ, ਤਾਂ ਅਸੀਂ ਸਾਰੇ ਵੀ ਕਰ ਲਵਾਂਗੇ।" ਇਸ ਤੋਂ ਬਾਅਦ ਗੁਰੂ ਸਾਹਿਬ ਨੇ ਦਿੱਲੀ ਦੇ ਚਾਂਦਨੀ ਚੌਕ ਵਿਖੇ ਹੱਸਦੇ-ਹੱਸਦੇ ਸ਼ਹਾਦਤ ਦਿੱਤੀ, ਪਰ ਜ਼ੁਲਮ ਅੱਗੇ ਸਿਰ ਨਹੀਂ ਝੁਕਾਇਆ। ਇਹ ਦੁਨੀਆ ਦੇ ਇਤਿਹਾਸ ਵਿੱਚ ਇੱਕ ਬੇਮਿਸਾਲ ਘਟਨਾ ਹੈ, ਜਿੱਥੇ ਕਿਸੇ ਰਹਿਬਰ ਨੇ ਦੂਜੇ ਧਰਮ ਦੇ ਲੋਕਾਂ ਦੇ ਹੱਕਾਂ ਅਤੇ ਧਾਰਮਿਕ ਆਜ਼ਾਦੀ ਦੀ ਰਾਖੀ ਲਈ ਆਪਣੀ ਜਾਨ ਕੁਰਬਾਨ ਕਰ ਦਿੱਤੀ। ਨੌਵੇ ਜਾਮੇ ਵਿਚ ਆ ਕੇ ਉਨ੍ਹਾਂ ਨੇ ਇਨ੍ਹਾਂ ਧਰਮ ਚਿੰਨਾ ਦੀ ਰਾਖੀ ਜਿਸ ਬਾਰੇ ਗੁਰੂ ਗੋਬਿੰਦ ਸਿੰਘ ਜੀ ਲਿਖਦੇ ਹਨ।

ਤਿਲਕ ਜੰਞੂ ਰਾਖਾ ਪ੍ਰਭ ਤਾ ਕਾ ॥

ਕੀਨੋ ਬਡੋ ਕਲੂ ਮਹਿ ਸਾਕਾ ॥

ਸਾਧਨ ਹੇਤਿ ਇਤੀ ਜਿਨਿ ਕਰੀ ॥

ਸੀਸੁ ਦੀਆ ਪਰ ਸੀ ਨ ਉਚਰੀ ॥

ਧਰਮ ਹੇਤਿ ਸਾਕਾ ਜਿਨਿ ਕੀਆ ॥

ਸੀਸੁ ਦੀਆ ਪਰ ਸਿਰਰੁ ਨ ਦੀਆ ॥ ਬਚਿੱਤਰ ਨਾਟਕ (ਭਾਗ ਪੰਜਾਵਾ)

ਉਨ੍ਹਾਂ ਨੇ ਉਸੇ ਧਰਮ ਦੀ ਰਾਖੀ ਲਈ ਆਪਣਾ ਆਪ ਸ਼ਹਾਦਤ ਦੇ ਹਵਾਲੇ ਕਰ ਦਿੱਤਾ । ਗੁਰੂ ਸਾਹਿਬ ਨੂੰ ਦਿੱਲੀ ਦੀ ਇਕ ਪੁਰਣੀ ਹਵੇਲੀ ਵਿਚ ਰੱਖਿਆ ਗਿਆ । ਭਾਈ ਮਤੀ ਦਾਸ, ਭਾਈ ਸਤੀ ਦਾਸਾਂ ਤੇ ਭਾਈ ਦਿਆਲਾ ਜੀ ਨੂੰ ਸ਼ਹੀਦ ਕੀਤਾ ਗਿਆ। ਫਿਰ ਉਨ੍ਹਾਂ ਨੂੰ ਚਾਂਦਨੀ ਚੌਂਕ ਖੜਿਆ ਗਿਆ । ਕਾਜ਼ੀ ਵਹਾਬ ਦੀਨ ਨੇ ਗੁਰੂ ਜੀ ਸਾਹਮਣੇ ਤਿੰਨ ਤਜਵੀਜ਼ਾਂ ਰੱਖਣ ਲਈ ਕਿਹਾ ਗਿਆ ।

1. ਪ੍ਰਥਮ ਅਜ਼ਮਤ ਦਿਖਾਨੀ।

2. ਇਸਲਾਮ ਕਾ ਕਬੂਲ ਕਰਨਾ।

3. ਮਰਨੈ ਕੀ ਲੀਏ ਤਿਆਰ ਹੋਨਾ।[6]

ਪਰ ਗੁਰੂ ਸਾਹਿਬ ਦਾ ਕਹਿਣਾ ਸੀ ਕਰਾਮਾਤ ਵਿਖਾਉਣਾ ਆਤਮਕ ਮੌਤ ਹੈ। ਇਸਲਾਮ ਕਬੂਲ ਕਰਨਾ ਧਰਮ ਦੀ ਸਰੀਰਕ ਮੌਤ ਹੈ ਤੇ ਜੇਕਰ ਮੈਂ ਮੌਤ ਅਪਣਾਉਂਣਾ ਹਾਂ ਤਾਂ ਧਰਮ ਦੇ ਸਰੀਰ ਤੇ ਆਤਮਾ ਨੂੰ ਬਲ ਮਿਲਦਾ ਹੈ। ਕਵੀ ਗੁੰਚਾ ਨੇ ਗੁਰੂ ਜੀ ਦੇ ਜਵਾਬ ਨੂੰ ਕਵਿਤਾ ਰੂਪ ਵਿਚ ਪੇਸ਼ ਕਰਦਿਆਂ ਲਿਖਿਆ ਹੈ।

ਮੈਂ ਹਾਂ ਤੇਗ ਤੇ ਪਰਖ ਲੈ ਤੇਗ ਤੂੰ ਵੀ,

ਇਕ ਦੋ ਨਹੀ ਪਰਖ ਲੈ ਸੋ ਤੇਗ਼ਾਂ,

ਮੈਨੂੰ ਤੇਗ਼ ਬਹਾਦਰ ਦਾ ਲਕਬ ਮਿਲਿਆ ,

ਮੇਰਾ ਕੁਝ ਨਹੀ ਸਕਦੀਆ ਖੋਹ ਤੇਗਾਂ,

ਮੈਂ ਤਾਂ ਜੰਮਦਿਆਂ ਤੇਗਾਂ ਦੀ ਛਾਂ ਖਾਈ,


Cover Page

INTERNATIONAL JOURNAL OF MULTIDISCIPLINARY EDUCATIONAL RESEARCH
ISSN:2277-7881(Print); IMPACT FACTOR :10.16(2026); IC VALUE:5.16; ISI VALUE:2.286
Peer-Peer Reviewed, Refereed & Open Access International Journal - As per UGC Norms
(Fulfilled Suggests Parameters of UGC by IJMER)
Volume:15, Issue:10(1), October 2026
Scopus Review ID: A2B96D3ACF3FEA2A
Article Received: Reviewed: Accepted
Publisher: Sucharitha Publication, India
Online Copy of Article Publication Available: www.ijmer.in

ਮੇਰੇ ਪਿਓ ਨੇ ਪਹਿਣੀਆਂ ਦੋ ਤੇਗਾਂ,

ਮੇਰੇ ਪਿਤਾ ਦੀ ਅਣਖ ਬਹਾਦਰੀ ਤੇ,

ਰਿਹਾ ਪਰਖਦਾ ਤੇਰਾ ਪਿਓ ਤੇਗਾ,

ਹੁਣ ਵੇਖੀ ਆਉਂਦੇ ਭਵਿੱਖ ਅੰਦਰ,

ਮੇਰੇ ਪੁਤ ਨੇ ਵਾਹੁਣੀਆਂ ਉਹ ਤੇਗ਼ਾਂ,

ਉਹਦੀ ਤੇਗ 'ਚੋਂ ਜਿਹੜੀ ਤੇਗ ਨਿਕਲੂਗੀ,

ਲੱਖਾ ਲਹੁਗੀ ਤੇਰੀਆਂ ਖੋਹ ਤੇਗ਼ਾਂ।

ਇਸ ਤਰ੍ਹਾਂ ਉਨ੍ਹਾਂ ਨੂੰ ਦਿੱਲੀ ਦੇ ਚਾਂਦਨੀ ਚੌਂਕ ਵਿਚ 11 ਨਵੰਬਰ 1675 ਨੂੰ ਸ਼ਹੀਦ ਕਰ ਦਿੱਤਾ ਗਿਆ। ਉਨ੍ਹਾਂ ਮਨੁੱਖਤਾ ਲਈ ਬਲੀਦਾਨ ਦੀ ਅਦੁੱਤੀ ਉਦਾਹਰਣ ਹੈ। ਉਨਾਂ ਦਾ ਸੀਸ ਭਾਈ ਜੇਤਾ ਨੀ (ਭਾਈ ਜੀਵਨ ਸਿੰਘ) ਨੇ ਚੁਪਕੇ ਚੁੱਕ ਕੇ ਸ੍ਰੀ ਆਨੰਦਪੁਰ ਸਾਹਿਬ ਪਹੁੰਚਾਇਆ। ਉਨ੍ਹਾਂ ਦਾ ਸ਼ਹੀਰ ਲੱਖੀ ਸ਼ਾਹ ਵਣਜਾਰਾ ਜੀ ਨੇ ਆਪਣੇ ਘਰ ਵਿਚ ਸਾੜ ਕੇ ਰਕਾਬ ਗੰਜ ਸਾਹਿਬ ਗੁਰਦੁਆਰੇ ਦੀ ਸਥਾਪਨਾ ਕੀਤੀ।

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਸਿੱਖ ਧਰਮ ਵਿਚ ਇਕ ਅਜਿਹਾ ਮੋੜ ਸੀ ਜਿਸ ਨੇ ਕੌਮ ਨੂੰ ਨਵੀਂ ਦਿਸ਼ਾ ਦਿੱਤੀ । "ਗੁਰੂ ਤੇਗ ਬਹਾਦਰ ਦੇ ਗੁਰੂਤਵ ਦੀ ਭਾਰੀ ਮਹੱਤਤਾ ਇਸੇ ਤੱਥ ਵਿੱਚ ਹੈ ਕਿ ਗੂੜ੍ਹ ਇਤਿਹਾਸਕ ਅਰਥਾਂ ਵਿਚ ਉਨ੍ਹਾਂ ਨੇ ਸਿੱਖ ਇਤਿਹਾਸ ਦੇ ਕੇਂਦਰੀ ਧਾਰੇ ਨੂੰ ਸੁਰਜੀਤ ਕੀਤਾ। ਉਹ ਆਪਣੇ ਪਿਤਾ ਅਤੇ ਪੁੱਤਰ ਵਿਚਕਾਰ ਨੈਤਿਕ ਅਤੇ ਇਤਿਹਾਸਿਕ ਕੜੀ ਬਣ ਗਏ।..... ਸਿੱਖ ਪੰਥ ਨੂੰ ਨਵੀਂ ਏਕਤਾ ਦਿੱਤੀ ਅਤੇ ਇਸ ਨੂੰ ਇਸ ਯੋਗ ਬਣਾਇਆ ਕਿ ਵਕਤ ਦੀ ਹਕੂਮਤ ਵਿਰੁੱਧ ਜ਼ਮੀਰ ਦੀਆਂ ਮੰਗਾਂ ਦੀ ਰੱਖਿਆ ਕਰ ਸਕੈ। ਅਠਾਰਵੀਂ ਸਦੀ ਦੀ ਸਿੱਖਾਂ ਦੀ ਰਾਜਸੀ ਆਜ਼ਾਦੀ ਉਸ ਜ਼ਮੀਰ ਦੀ ਆਜ਼ਾਦੀ ਦਾ ਤਰਕ ਸੰਗਤ ਤੇ ਇਤਿਹਾਸਿਕ ਵਿਕਾਸ ਸੀ ਜਿਸ ਦੀ ਗੁਰੂ ਤੇਗ ਬਹਾਦਰ ਨੇ ਰੱਖਿਆ ਕੀਤੀ ਅਤੇ ਜਿਸ ਨੂੰ ਗੁਰੂ ਗੋਬਿੰਦ ਸਿੰਘ ਨੇ ਯਕੀਨੀ ਬਣਾਇਆ।"[7] ਇਸ ਸ਼ਹਾਦਤ ਨੇ ਖ਼ਾਲਸਾ ਪੰਥ ਦੀ ਸਥਾਪਨਾ ਦਾ ਰਸਤਾ ਤਿਅਰ ਕੀਤਾ । ਇਹ ਘਟਨਾ ਸਿੱਖ ਧਰਮ ਨੂੰ ਇਕ ਆਤਮਿਕ ਪੰਥ ਤੋਂ ਇਕ ਯੋਧਾ ਕੌਮ ਵਿਚ ਤਬਦੀਲ ਕਰਨ ਦਾ ਮੁੱਖ ਕਾਰਨ ਬਣੀ। ਉਨ੍ਹਾਂ ਦੁਆਰਾ ਦਿੱਤੀ ਗਈ ਸ਼ਹਾਦਤ ਕਿਸੇ ਖਾਸ ਕੌਮ ਜਾਂ ਧਰਮ ਲਈ ਨਹੀਂ ਬਲਕਿ ਸੰਪੂਰਨ ਮਨੁੱਖਤਾ ਦੀ ਭਲਦੀ ਅਤੇ ਸ਼ਾਂਤੀ ਲਈ ਸੀ । ਇਸੇ ਲਈ ਕਵੀ ਸੈਨਾਪਤ ਨੇ 1713 ਵਿਚ ਸ੍ਰੀ ਗੁਰੂ ਸੋਭਾ ਵਿਚ ਉਨ੍ਹਾਂ ਲਈ ਸ਼ਬਦ ਵਰਤਿਆ :-

"ਪ੍ਰਗਟਿ ਭਏ ਗੁਰੂ ਤੇਗ ਬਹਾਦਰ

ਸਗਲ ਸ੍ਰਿਸਟ ਪੈ ਜਾਕੀ ਚਾਦਰ।"[8]

ਸ੍ਰਿਸ਼ਟੀ ਦੀ ਜਿਹੜੀ ਚਾਦਰ ਕਦੇ ਛੋਟੀ ਨਹੀਂ ਹੋ ਸਕਦੀ ਤੇ ਉਸ ਸ੍ਰਿਸ਼ਟੀ ਵਿਚ ਸਾਰੇ ਖ਼ਿੱਤੇ ਵੀ ਆ ਜਾਣ ਤੇ ਸਾਰੇ ਧਰਮ ਵੀ। ਗੁਰੂ ਤੇਗ ਬਹਾਦਰ ਜੀ ਨੇ ਸਿਰਫ਼ ਆਪਣੇ ਜੀਵਨ ਰਾਹੀ ਹੀ ਨਹੀ ਬਲਕਿ ਆਪਣੀ ਰਚਨਾ ਰਾਹੀਂ ਵੀ ਮਨੁੱਖਤਾ ਦਾ ਮਾਰਗ ਦਰਸ਼ਨ ਕੀਤਾ । ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਨ੍ਹਾਂ ਦੇ 59 ਸ਼ਬਦ ਅਤੇ 57 ਸਲੋਕ ਦਰਜ ਹਨ ।

ਵਿਸ਼ੇ ਪੱਖੋ ਉਨ੍ਹਾਂ ਦੀ ਰਚਨਾ ਬਹੁਤ ਉੱਚੀ ਹੈ। ਇਸ ਅੰਦਰ ਅਧਿਆਤਮਕਤਾ ਅਤੇ ਸਦਾਚਾਰਕ ਭਰਮਾਰ ਹੈ । ਬਾਣੀ ਦੇ ਕੇਂਦਰ ਬਿੰਦੂ ਬ੍ਰਹਮ, ਜੀਵਾਤਮਾ, ਨਾਮੁ, ਗੁਰੂ, ਜਗਤ ਜਾਂ ਸ੍ਰਿਸ਼ਟੀ, ਮਾਇਆ ਆਦਿ ਹਨ।

Cover Page

INTERNATIONAL JOURNAL OF MULTIDISCIPLINARY EDUCATIONAL RESEARCH
ISSN:2277-7881(Print); IMPACT FACTOR :10.16(2026); IC VALUE:5.16; ISI VALUE:2.286
Peer-Peer Reviewed, Refereed & Open Access International Journal - As per UGC Norms
(Fulfilled Suggests Parameters of UGC by IJMER)
Volume:15, Issue:10(1), October 2026
Scopus Review ID: A2B96D3ACF3FEA2A
Article Received: Reviewed: Accepted
Publisher: Sucharitha Publication, India
Online Copy of Article Publication Available: www.ijmer.in

ਗੁਰੂ ਤੇਗ ਬਹਾਦਰ ਜੀ ਤੇ ਬ੍ਰਹਮ ਨੂੰ ਆਪਣੀ ਰਚਨਾ ਵਿਚ ਕਈ ਨਾਂ ਦਿੱਤੇ ਹਨ ਜਿਵੇਂ ਹਰੀ, ਗੋਬਿੰਦ, ਨਰਾਇਣ, ਗੁਸਾਈ, ਕਨ੍ਹਈਆ, ਪ੍ਰਭੂ, ਸਰਵ-ਸਮਰੱਥ, ਸਰਵ ਸ਼ਕਤੀਮਾਨ ਅਤੇ ਪਾਪੀਆਂ ਦਾ ਕਲਿਆਣ ਕਰਨ ਵਾਲਾ ਹੈ :-

ਪਤਿਤ ਉਧਾਰਨ ਭੈ ਹਰਨ ਹਰਿ ਅਨਾਥ ਕੇ ਨਾਥ॥

ਕਹੁ ਨਾਨਕ ਤਿਹ ਜਾਨੀਐ ਸਦਾ ਬਾਸਤ ਤੁਮ ਸਾਥ॥[9]

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਜੀਵ ਸ਼ਬਦ ਦੀ ਵਰਤੋਂ ਕਿਤੇ ਵੀ ਦ੍ਰਿਸ਼ਟੀਗੋਚਰ ਨਹੀਂ ਹੁੰਦੀ ਅਤੇ ਇਸੇ ਤਰ੍ਹਾਂ ਜੀਵਾਤਮਾ ਸ਼ਬਦ ਵੀ ਨਹੀ ਵਰਤਿਆ ਗਿਆ ਪਰੰਤੂ ਫਿਰ ਦੀ ਜੀਵ ਦੇ ਅਰਥ ਬੋਧਕ ਅਨੇਕ ਸ਼ਬਦਾਂ ਦੀ ਵਰਤੋਂ ਦੁਆਰਾ ਆਪ ਨੇ ਜੀਵ ਦੇ ਭਾਵਾਰਥ ਸਪੱਸ਼ਟ ਕੀਤੇ ਹਨ। ਇਹ ਸ਼ਬਦ ਹੰਸ, ਜੀਅ, ਪ੍ਰਾਨੀ, ਮਨ, ਨਰ, ਜਨ, ਜੀਉ, ਜੀਅ, ਮਾਨਸ ਆਦਿ ਹਨ । ਗੁਰੂ ਜੀ ਨੇ ਮਨੁੱਖ ਦੀਆਂ ਤਿੰਨੇ ਅਵਸਥਾਵਾਂ (ਬਾਲਪਨ, ਜਵਾਨੀ ਅਤੇ ਬੁਢਾਪਾ) ਜੀਵ ਦੇ ਵਿਸ਼ੇ-ਵਿਕਾਰ, ਮੁਕਤ ਜੀਵਨ, ਜੀਵ ਤੇ ਆਵਾਗਮਨ ਆਦਿ ਵਿਸ਼ਿਆਂ ਸੰਬੰਧੀ ਆਪਣੇ ਸ਼ਬਦਾਂ ਅਤੇ ਸਲੋਕਾਂ ਵਿਚ ਵਿਚਾਰ ਪ੍ਰਗਟਾਏ ਹਨ। ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਜਗਤ ਨੂੰ ਅਨਾਦੀ ਨਹੀਂ ਸਗੋਂ ਰਚਨਹਾਰ ਪ੍ਰਭੂ ਦੀ ਰਚਨਾ ਮੰਨਿਆ ਗਿਆ ਹੈ :-

ਸਾਧੋ ਰਚਨਾ ਰਾਮ ਬਨਾ॥[10]

ਅਤੇ

ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ ।

ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ।[11]

ਗੁਰਮਤਿ ਕਾਵਿ ਵਿਚ ਵੱਖ- ਵੱਖ ਪ੍ਰਸੰਗਾ ਵਿਚ ਮਾਇਆ ਸ਼ਬਦ ਅਨੇਕਾਂ ਅਰਥਾਂ ਵਿਚ ਵਰਤਿਆ ਗਿਆ ਹੈ ਜਿਵੇਂ ਸ਼ਕਤੀ, ਦੈਵੀ ਸ਼ਕਤੀ, ਛਲ ਤੇ ਕਪਟ, ਧਨ,ਦੌਲਤ ਆਦਿ ।

ਗੁਰੂ ਤੇਗ ਬਹਾਦਰ ਜੀ ਨੇ ਆਪਣੀ ਰਚਨਾ ਵਿਚ ਮਾਇਆ ਨਾਲ ਸੰਬੰਧਿਤ ਭਾਵ ਦਾਸੀ, ਜਗਤ ਜੰਜਾਲੀ ਮਾਇਆ, ਅਗਿਆਨ ਨੂੰ ਜਨਮ ਦੇਣ ਵਾਲੀ, ਮਾਇਆ ਤੇ ਭਰਮ, ਮਾਇਆ ਤੇ ਵਿਸ਼ੇ ਵਿਕਾਰ ਅਤੇ ਮਾਇਆ ਤੇ ਮੁਕਤੀ ਆਦਿ ਵਿਸ਼ਿਆਂ ਨੂੰ ਪੇਸ਼ ਕੀਤਾ ਹੈ । ਉਨ੍ਹਾਂ ਅਨੁਸਾਰ ਮਾਇਆ ਜੀਵ ਅਤੇ ਪ੍ਰਮਾਤਮਾ ਦੇ ਮਿਲਾਪ ਵਿਚ ਰੁਕਾਵਟ ਹੈ । ਮਾਇਆ ਦੇ ਨਸ਼ੇ ਵਿਚ ਫਸਿਆ ਜੀਵ ਉਸ ਪ੍ਰਭੂ ਨੂੰ ਯਾਦ ਨਹੀਂ ਕਰਦਾ।

ਪ੍ਰਾਨੀ ਕਛੂ ਨ ਚੇਤਈ ਮਦਿ ਮਾਇਆ ਕੈ ਅੰਧੁ॥

ਕਹੁ ਨਾਨਕ ਬਿਨੁ ਹਰਿ ਭਜਨ ਬਿਨ ਪਰਤ ਤਾਹਿ ਜਮ ਫੰਧ॥[12]

ਗੁਰੂ ਤੇਗ ਬਹਾਦਰ ਜੀ ਦੀ ਰਚਨਾ ਦਾ ਇਕ ਪਹਿਲੂ ਮੁਕਤੀ ਸੰਬੰਧੀ ਵਿਚਾਰਧਾਰਾ ਨੂੰ ਪੇਸ਼ ਕਰਦਾ ਹੈ । ਇਸੇ ਨੂੰ ਹੀ ਨਿਰਭੈ ਜਾਂ ਨਿਰਵਾਣੁ ਪਦ ਕਿਹਾ ਗਿਆ ਹੈ। ਗੁਰੂ ਜੀ ਨੇ ਆਪਣੇ ਸਲੋਕਾਂ ਵਿਚ ਥਾਂ-ਥਾਂ ਮੁਕਤੀ ਪ੍ਰਾਪਤੀ ਦੇ ਸਾਧਨਾਂ ਵੱਲ ਸੰਕੇਤ ਕੀਤਾ ਹੈ।

ਉਸਤਤਿ ਨਿੰਦਿਆ ਨਾਹਿ ਜਿਹਿ ਕੰਚਨ ਲੋਹ ਸਮਾਨਿ॥

ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਮਾਨਿ॥[13]


Cover Page

INTERNATIONAL JOURNAL OF MULTIDISCIPLINARY EDUCATIONAL RESEARCH
ISSN:2277-7881(Print); IMPACT FACTOR :10.16(2026); IC VALUE:5.16; ISI VALUE:2.286
Peer-Peer Reviewed, Refereed & Open Access International Journal - As per UGC Norms
(Fulfilled Suggests Parameters of UGC by IJMER)
Volume:15, Issue:10(1), October 2026
Scopus Review ID: A2B96D3ACF3FEA2A
Article Received: Reviewed: Accepted
Publisher: Sucharitha Publication, India
Online Copy of Article Publication Available: www.ijmer.in

ਇਸੇ ਤਰ੍ਹਾਂ ਉਨ੍ਹਾਂ ਦੀ ਰਚਨਾ ਵਿਚ ਵੈਰਾਗ ਭਾਵਨਾ ਅਤੇ ਨਾਸ਼ਮਾਨਤਾ ਦਾ ਭਾਵ ਦ੍ਰਿਸ਼ਟੀਗੋਚਰ ਹੁੰਦਾ ਹੈ । ਵੈਰਾਗ ਭਾਵਨਾ ਸੰਸਾਰਕ ਜੀਵਨ ਪ੍ਰਤੀ ਉਪਰਾਮਤਾ ਵਿਚੋਂ ਪੈਦਾ ਹੋਈ ਹੈ । ਗੁਰੂ ਸਾਹਿਬ ਅੰਦਰ ਵੈਰਾਗ ਭਾਵਨਾ ਸੀ । ਪਰੰਤੂ ਉਹ ਆਪਣੇ ਆਪ ਪ੍ਰਤੀ ਅਤੇ ਆਪਣੀ ਰਚਨਾ ਪ੍ਰਤੀ ਪੂਰੀ ਤਰਾਂ ਸੁਹਿਰਦ ਸਨ। ਉਨ੍ਹਾਂ ਦਾ ਮੰਤਵ ਇਹ ਹੈ ਕਿ ਮਨੁੱਖ ਅੰਦਰ ਵੈਰਾਗ ਦੀ ਭਾਵਨਾ ਆਵੇ ਤਾਂ ਜੋ ਉਹ ਪ੍ਰਭੂ ਦਾ ਨਾਮ ਸਿਮਰਨ ਕਰੇ। ਉਹ ਇਸ ਵਿਚਾਰ ਦੇ ਹਾਮੀ ਸਨ ਕਿ ਵਿਅਕਤੀ ਨੂੰ ਸੰਸਾਰ ਅੰਦਰ ਰਹਿੰਦਿਆਂ ਨਾਮ ਸਿਮਰਨ ਕਰਨਾ ਚਾਹੀਦਾ ਹੈ। ਗੁਰੂ ਜੀ ਫਰਮਾਉਂਦੇ ਹਨ ।

ਸਾਧੋ ਰਚਨਾ ਰਾਮ ਬਨਾਈ

ਇਕਿ ਬਿਨਸੈ ਇਕ ਅਸਥਿਰੁ ਮਾਨੈ

ਅਚਰਜੁ ਲਖਿਓ ਨ ਜਾਈ॥(ਰਹਾਉ)

ਕਾਮ ਕ੍ਰੋਧ ਮੋਹ ਬਸਿ ਪ੍ਰਾਨੀ ਹਰਿ ਮੂਰਤਿ ਬਿਸਰਾਈ॥

ਝੂਠਾ ਤਨੁ ਸਾਚਾ ਕਰਿ ਮਾਨਿਓ ਜਿਉ ਸੁਪਨਾ ਰੈਨਾਈ ॥1॥

ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਈ॥[14]

ਜਨ ਨਾਨਕ ਜਗੁ ਜਾਨਿਓ ਮਿਥਿਆ ਰਹਿਓ ਰਾਮ ਸਰਨਾਈ॥੨॥

ਇਸੇ ਤਰ੍ਹਾਂ ਨਾਸ਼ਮਾਨਤਾ ਦੇ ਵਿਚਾਰ ਰਾਹੀਂ ਗੁਰੂ ਸਾਹਿਬ ਵਿਅਕਤੀ ਅੰਦਰ ਨਿਰਾਸ਼ਤਾ ਨਹੀਂ ਲਿਆਉਣਾ ਚਾਹੁੰਦੇ । ਸਗੋਂ ਉਹ ਮਨੁੱਖ ਨੂੰ ਚੇਤਾਵਨੀ ਦੇ ਰਹੇ ਹਨ ਕਿ ਇਹ ਸੰਸਾਰ ਰਹਿਣ ਬਸੇਰਾ ਹੈ ਜਿੱਥੇ ਕੋਈ ਆਉਂਦਾ ਤੇ ਕੋਈ ਚਲਾ ਜਾਂਦਾ ਹੈ । ਇਸ ਲਈ ਵਿਅਕਤੀ ਭਜਨ ਬੰਦਗੀ ਕਰ ਲਵੇ। ਗੁਰੂ ਸਾਹਿਬ ਦਾ ਨਾਸ਼ਮਾਨਤਾ ਦਾ ਵਿਚਾਰ ਪੇਸ਼ ਕਰਨ ਦਾ ਅੰਤਿਮ ਨਿਸ਼ਾਨਾ ਇਹੀ ਹੈ ਕਿ ਉਹ ਵਿਅਕਤੀ ਨੂੰ ਸਮਝਾ ਸਕਣ ਕਿ ਉਹ ਕਿਸ ਪ੍ਰਕਾਰ ਮੋਹ ਮਾਇਆ ਵਿਚ ਫਸ ਕੇ ਆਪਣਾ ਜੀਵਨ ਨਸ਼ਟ ਕਰ ਰਿਹਾ ਹੈ। ਉਸ ਨੂੰ ਮੋਹ ਮਾਇਆ, ਲਾਲਚ, ਨਿੰਦਾ ਆਦਿ ਤਿਆਗ ਕੇ ਪ੍ਰਮਾਤਮਾ ਨਾਲ ਪਿਆਰ ਪਾਉਣਾ ਚਾਹੀਦਾ ਹੈ ਅਤੇ ਉਸ ਦੀ ਨਾਮ ਜਪਣਾ ਚਾਹੀਦਾ ਹੈ । ਉਹ ਵਾਰ-ਵਾਰ ਇਹ ਉਪਦੇਸ਼ ਦਿੰਦੇ ਹਨ ਕਿ ਮਨੁੱਖੀ ਜੀਵਨ ਵਿਅਰਥ ਨਹੀਂ ਜਾਇਆ ਕਰਨਾ ਚਾਹੀਦਾ ਸਗੋ ਉਸ ਤੋਂ ਲਾਭ ਉਠਾਉਣਾ ਚਾਹੀਦਾ ਹੈ।

ਜਾਗ ਲੇਹੁ ਰੇ ਮਨਾ ਜਾਗ ਲੇਹੁ ॥

ਕਹਾ ਗਾਫਲ ਸੋਇਆ ॥

ਜੋ ਤਨ ਉਪਜਿਆ ਸੰਗ ਹੀ ਸੋ ਭੀ ਸੰਗਿ ਨ ਹੋਇਆ ॥ਰਹਾਉ॥

ਮਾਤਾ ਪਿਤਾ ਸੁਤ ਬੰਧ ਜਨ ਹਿਤੁ ਜਾ ਸਿਉ ਕੀਨਾ ।

ਜੀਉ ਛੁਟਿਓ ਜਬ ਦੇਹ ਤੇ ਡਾਰਿ ਅਗਨਿ ਮੈ ਦੀਨਾ ॥

ਜੀਵਨ ਲਉ ਬਿਉਹਾਰੁ ਹੈ ਜਗ ਕਉ ਤੁਮ ਜਾਨਉ ॥

ਨਾਨਕ ਹਰਿ ਗੁਨ ਗਾਇ ਲੈ ਸਭ ਸੁਫਨ ਸਮਾਨਉ ॥[15]

Cover Page
INTERNATIONAL JOURNAL OF MULTIDISCIPLINARY EDUCATIONAL RESEARCH
ISSN:2277-7881(Print); IMPACT FACTOR :10.16(2026); IC VALUE:5.16; ISI VALUE:2.286
Peer-Peer Reviewed, Refereed & Open Access International Journal - As per UGC Norms
(Fulfilled Suggests Parameters of UGC by IJMER)
Volume:15, Issue:10(1), October 2026
Scopus Review ID: A2B96D3ACF3FEA2A
Article Received: Reviewed: Accepted
Publisher: Sucharitha Publication, India
Online Copy of Article Publication Available: www.ijmer.in

ਗੁਰੂ ਜੀ ਦੀ ਬਾਣੀ ਦਾ ਇੱਕ ਕੇਂਦਰੀ ਵਿਸ਼ਾ ਨਾਸ਼ਮਾਨਤਾ ਹੈ। ਜਗਤ ਅਨਾਦੀ (ਸਦਾ ਰਹਿਣ ਵਾਲਾ) ਨਹੀਂ ਹੈ, ਸਗੋਂ ਪ੍ਰਭੂ ਦੀ ਇੱਕ ਅਲਪਕਾਲਿਕ (ਛਿਣਭੰਗੁਰ) ਰਚਨਾ ਹੈ।

ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ ॥

ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ ॥[16]

ਸੰਸਾਰਿਕ ਰਿਸ਼ਤਿਆਂ ਦੀ ਹਕੀਕਤ ਨੂੰ ਗੁਰੂ ਜੀ ਸਮਝਾਉਂਦੇ ਹਨ ਕਿ ਸੰਸਾਰ ਦੇ ਸਾਰੇ ਸੰਬੰਧ (ਮਾਤਾ, ਪਿਤਾ, ਪਤਨੀ, ਮਿੱਤਰ) ਸਿਰਫ਼ ਸੁਖ ਦੇ ਸਾਥੀ ਹਨ। ਅੰਤਿਮ ਸਮੇਂ ਕੇਵਲ ਪ੍ਰਭੂ ਨਾਮ ਹੀ ਸੰਗੀ ਹੁੰਦਾ ਹੈ:

ਜਗਤ ਮੈ ਝੂਠੀ ਦੇਖੀ ਪ੍ਰੀਤਿ ॥

ਅਪਨੇ ਹੀ ਸੁਖ ਸਿਉ ਸਭ ਲਾਗੇ ਕਿਆ ਦਾਰਾ ਕਿਆ ਮੀਤ ॥[17]

ਮਾਇਆ ਦੇ ਸੰਕਲਪ ਸਬੰਧੀ ਗੁਰੂ ਜੀ ਸਮਝਾਉਂਦੇ ਹਨ ਕਿ ਇਨਸਾਨ ਨੂੰ ਮਾਇਆ ਦਾ ਤਿਆਗ ਕਰਕੇ ਪ੍ਰਮਾਤਮਾ ਨਾਲ ਪਿਆਰ ਪਾਉਣਾ ਚਾਹੀਦਾ ਹੈ। ਗੁਰਮਤਿ ਵਿੱਚ ਮਾਇਆ ਉਹ ਸ਼ਕਤੀ ਹੈ ਜੋ ਜੀਵ ਨੂੰ ਪ੍ਰਮਾਤਮਾ ਤੋਂ ਦੂਰ ਕਰਦੀ ਹੈ। ਗੁਰੂ ਤੇਗ ਬਹਾਦਰ ਜੀ ਨੇ ਮਾਇਆ ਦੇ ਵੱਖ-ਵੱਖ ਰੂਪਾਂ ਦਾ ਵਰਣਨ ਕੀਤਾ ਹੈ:

1. ਜਗਤ ਜੰਜਾਲੀ ਮਾਇਆ : ਧਨ-ਦੌਲਤ, ਜਾਇਦਾਦ ਅਤੇ ਪਰਿਵਾਰ ਦਾ ਮੋਹ।
2. ਅਗਿਆਨਤਾ ਦੀ ਜਨਮਦਾਤਾ : ਮਾਇਆ ਦੇ ਨਸ਼ੇ ਵਿੱਚ ਅੰਨ੍ਹਾ ਹੋਇਆ ਮਨੁੱਖ ਆਤਮਿਕ ਮੌਤ ਵੱਲ ਵਧਦਾ ਹੈ:

ਪ੍ਰਾਨੀ ਰਾਮੁ ਨ ਚੇਤਈ ਮਦਿ ਮਾਇਆ ਕੈ ਅੰਧੁ ॥

ਕਹੁ ਨਾਨਕ ਹਰਿ ਭਜਨ ਬਿਨੁ ਪਰਤ ਤਾਹਿ ਜਮ ਫੰਧ ॥[18]

3. ਮਿਲਾਪ ਵਿਚ ਰੁਕਾਵਟ : ਮਾਇਆ ਜੀਵ ਅਤੇ ਪ੍ਰਭੂ ਦੇ ਆਤਮਿਕ ਮਿਲਾਪ ਦੇ ਰਾਹ ਵਿੱਚ ਸਭ ਤੋਂ ਵੱਡੀ ਰੁਕਾਵਟ ਹੈ ।

ਗੁਰੂ ਜੀ ਅਨੁਸਾਰ ਮੁਕਤੀ (ਨਿਰਵਾਣ) ਮਰਨ ਤੋਂ ਬਾਅਦ ਦੀ ਸਥਿਤੀ ਨਹੀਂ, ਸਗੋਂ ਜਿਉਂਦੇ ਜੀਅ ਪ੍ਰਾਪਤ ਕੀਤੀ ਜਾਣ ਵਾਲੀ ਇੱਕ ਉੱਚ-ਆਤਮਿਕ ਅਵਸਥਾ ਹੈ। ਜੀਵਨ ਮੁਕਤ ਵਿਅਕਤੀ ਉਹ ਹੈ ਜੋ ਸੁਖ-ਦੁਖ, ਮਾਨ-ਅਪਮਾਨ, ਅਤੇ ਸੋਨੇ-ਮਿੱਟੀ ਨੂੰ ਇੱਕ ਸਮਾਨ ਸਮਝਦਾ ਹੈ:

ਜਿਹਿ ਪ੍ਰਾਨੀ ਹਉਮੈ ਤਜੀ ਕਰਤਾ ਰਾਮੁ ਪਛਾਨਿ ॥

ਕਹੁ ਨਾਨਕ ਵਹੁ ਮੁਕਤਿ ਨਰੁ ਇਹ ਮਨ ਸਾਚੀ ਮਾਨੁ ॥[19]

ਉਸਤਤਿ ਨਿੰਦਿਆ ਨਾਹਿ ਜਿਹਿ ਕੰਚਨ ਲੋਹ ਸਮਾਨਿ ॥

ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਮਾਨਿ ॥[20]

ਗੁਰੂ ਜੀ ਦੀ ਬਾਣੀ ਦਾ ਸਭ ਤੋਂ ਮਹਾਨ ਨੈਤਿਕ ਅਤੇ ਸਮਾਜਿਕ ਸੁਨੇਹਾ ਇਹ ਹੈ ਕਿ ਮਨੁੱਖ ਨਾ ਤਾਂ ਕਿਸੇ ਨੂੰ ਡਰਾਵੇ ਅਤੇ ਨਾ ਹੀ ਕਿਸੇ ਤੋਂ ਡਰੇ:

International Journal of Multidisciplinary Educational Research
ISSN:2277-7881(Print); Impact Factor :10.16(2026); IC Value:5.16; ISI Value:2.286
Peer-Peer Reviewed, Refereed & Open Access International Journal - As per UGC Norms
(Fulfilled Suggests Parameters of UGC by IJMER)
Volume:15, Issue:10(1), October 2026
Scopus Review ID: A2B96D3ACF3FEA2A
Article Received: Reviewed: Accepted
Publisher: Sucharitha Publication, India
Online Copy of Article Publication Available: www.ijmer.in

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥

ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ ॥[21]

ਗੁਰੂ ਜੀ ਸੰਸਾਰ ਨੂੰ ਛੱਡ ਕੇ ਜੰਗਲਾਂ ਵਿਚ ਭੱਜਣ ਦੀ ਪ੍ਰੇਰਨਾ ਨਹੀਂ ਦਿੰਦੇ, ਸਗੋਂ ਗ੍ਰਹਿਸਥ ਜੀਵਨ ਵਿਚ ਰਹਿੰਦਿਆਂ ਨਿਰਲੇਪ (ਜਿਵੇਂ ਕਮਲ ਦਾ ਫੁੱਲ ਪਾਣੀ ਵਿਚ) ਰਹਿਣ ਦਾ ਮਾਰਗ ਦੱਸਦੇ ਹਨ। ਬਾਣੀ ਮਨੁੱਖ ਨੂੰ ਮਾਨਸਿਕ ਤੌਰ 'ਤੇ ਮਜ਼ਬੂਤ ਕਰਦੀ ਹੈ ਤਾਂ ਜੋ ਉਹ ਜ਼ੁਲਮ, ਅਧਰਮ ਅਤੇ ਡਰ ਦਾ ਸਾਹਮਣਾ ਕਰ ਸਕੇ। ਵੈਰਾਗ ਦਾ ਉਦੇਸ਼ ਮਨੁੱਖ ਨੂੰ ਨਿਰਾਸ਼ ਕਰਨਾ ਨਹੀਂ, ਸਗੋਂ ਗਫ਼ਲਤ (ਨੀਂਦ) ਵਿੱਚੋਂ ਜਗਾਉਣਾ ਹੈ:

ਜਾਗ ਲੇਹੁ ਰੇ ਮਨਾ ਜਾਗ ਲੇਹੁ ਕਹਾ ਗਾਫਲ ਸੋਇਆ ॥

ਜੋ ਤਨੁ ਉਪਜਿਆ ਸੰਗ ਹੀ ਸੋ ਭੀ ਸੰਗਿ ਨ ਹੋਇਆ ॥[22]

ਉਨ੍ਹਾਂ ਦੀ ਰਚਨਾ ਨਿਰਾਸ਼ਾਵਾਦੀ ਨਹੀਂ ਬਲਕਿ ਸਵੈਮਾਣ ਨਾਲ ਜੀਵਨ ਨੂੰ ਜਿਊਣਾ ਸਿਖਾਉਂਦੀ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਮਨੁੱਖੀ ਮਨ ਦਾ ਅਧਿਆਤਮਕ ਮਨੋਵਿਗਿਆਨ (Spiritual Psychology) ਹੈ। ਇਹ ਬਾਣੀ ਮਨੁੱਖ ਨੂੰ ਸੰਸਾਰ ਦੇ ਝੂਠੇ ਮੋਹ-ਮਾਇਆ ਵਿੱਚੋਂ ਕੱਢ ਕੇ ਪ੍ਰਭੂ-ਚਰਨਾਂ ਨਾਲ ਜੋੜਦੀ ਹੈ ਅਤੇ ਉਸ ਅੰਦਰ ਆਤਮ-ਵਿਸ਼ਵਾਸ, ਨਿਰਭੈਤਾ ਅਤੇ ਉੱਚ ਸਦਾਚਾਰ ਦਾ ਸੰਚਾਰ ਕਰਦੀ ਹੈ। ਇਹ ਅਧਿਆਤਮਕ ਮਜ਼ਬੂਤੀ ਹੀ ਸੀ ਜਿਸ ਦੇ ਬਲ 'ਤੇ ਗੁਰੂ ਜੀ ਨੇ ਅਤੇ ਉਨ੍ਹਾਂ ਦੇ ਗੁਰਸਿੱਖਾਂ ਨੇ ਸ਼ਹਾਦਤ ਦਾ ਮਾਰਗ ਚੁਣਿਆ।

ਹਵਾਲੇ ਤੇ ਟਿੱਪਣੀਆਂ

1. ਡਾ. ਤ੍ਰਿਲੋਚਨ ਸਿੰਘ, ਗੁਰੂ ਤੇਗ ਬਹਾਦਰ ਪ੍ਰਾਫਿਟ ਐਂਡ ਮਾਸਟਰ, ਪੰਨਾ 9.
2. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1427.
3. ਸਲੀਮ ਮੁਹੰਮਦ ਸੰਪਾ., ਸ਼ਹੀਦਾਂ ਦੇ ਸਰਤਾਜ ਗੁਰੂ ਤੇਗ ਬਹਾਦਰ, ਪੰਨਾ 19.
4. Fauja Sin and Gurbachan Singh Talib, Guru teg Bahadur Martyr and teacher, p. 102.
5. François Bernier, Travels in the Mughal Empire A.D 1656 to 1668, p. 10.
6. ਫੌਜਾ ਸਿੰਘ ਤਾਰਨ ਸਿੰਘ, ਗੁਰੂ ਤੇਗ ਬਹਾਦਰ ਜੀਵਨ ਅਤੇ ਰਚਨਾ, ਪੰਨਾ 82.
7. ਡਾ. ਜੇ. ਐਸ. ਗਰੇਵਾਲ, ਗੁਰੂ ਤੇਗ ਬਹਾਦਰ ਭਰੋਸੇ ਦਾ ਪੈਗੰਬਰ, ਗੁਰੂ ਤੇਗ ਬਹਾਦਰ ਚਿੰਤਨ, ਕਲਾ ਤੇ ਬਾਣੀ, ਪੰਨਾ 14-15.
8. ਸੈਨਾਪਤੀ, ਸ੍ਰੀ ਗੁਰੂ ਸੋਭਾ, ਪੰਨਾ 6.
9. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1426.
10. ਉਹੀ, ਗਉੜੀ, ਅੰਗ 219.
11. ਉਹੀ, ਅੰਗ 1426.
12. ਉਹੀ, ਅੰਗ 1426.

INTERNATIONAL JOURNAL OF MULTIDISCIPLINARY EDUCATIONAL RESEARCH
ISSN:2277-7881(Print); IMPACT FACTOR :10.16(2026); IC VALUE:5.16; ISI VALUE:2.286
Peer-Peer Reviewed, Refereed & Open Access International Journal - As per UGC Norms
(Fulfilled Suggests Parameters of UGC by IJMER)
Volume:15, Issue:10(1), October 2026
Scopus Review ID: A2B96D3ACF3FEA2A
Article Received: Reviewed: Accepted
Publisher: Sucharitha Publication, India
Online Copy of Article Publication Available: www.ijmer.in

Cover Page

13. ਉਹੀ, ਅੰਗ 1426.

14. ਉਹੀ, ਗਉੜੀ ਅੰਗ 219.

15. ਉਹੀ, ਤਿਲੰਗ, ਅੰਗ 726.

16. ਉਹੀ, ਅੰਗ 1427.

17. ਉਹੀ, ਦੇਵਗੰਧਾਰੀ, ਅੰਗ 536.

18. ਉਹੀ, ਅੰਗ 1426.

19. ਉਹੀ, ਅੰਗ 1428.

20. ਉਹੀ, ਅੰਗ 1427.

21. ਉਹੀ, ਅੰਗ 1427.

22. ਉਹੀ, ਤਿਲੰਗ, ਅੰਗ 726.